# ਮੈਂ ਹੈਲਥ ਐਂਡ ਸੇਫਟੀ ਬਾਰੇ ਅਧੁਨਿਕ ਜਾਣਕਾਰੀ ਕਿਵੇਂ ਪ੍ਰਾਪਤ ਕਰਾਂ? (How can I keep up to date with Health and Safety?)

ਹੈਲਥ ਐਂਡ ਸੇਫਟੀ ਵਿਧਾਨ ਸਬੰਧੀ ਅਧੁਨਿਕ ਜਾਣਕਾਰੀ ਪ੍ਰਾਪਤ ਕਰਦੇ ਰਹਿਣ ਦੇ ਕਈ ਤਰੀਕੇ ਹਨ।

### ਐਚਐਸਈ ਵੈਬਸਾਇਟ

ਸੱਭ ਨਾਲੋਂ ਵੱਧ ਅਧੁਨਿਕ ਜਾਣਕਾਰੀ ਐਚਐਸਈ ਅੰਦੋਲਨਾ ਸਬੰਧੀ ਖਬਰਾਂ, ਮੁਫ਼ਤ ਜਾਣਕਾਰੀ ਲੀਫਲੈੱਟਾਂ ਅਤੇ ਇਸ ਸਮੇਂ ਹੈਲਥ ਐਂਡ ਸੇਫਟੀ ਉਤੇ ਅਸਰ ਕਰਨ ਵਾਲੇ ਮੁੱਖ ਮੁੱਦਿਆਂ ਦੇ ਰੂਪ ਵਿਚ ਐਚਐਸਈ ਦੀ ਵੈਬਸਾਈਟ ਉਤੇ ਉਪਲੱਬਧ ਹੈ।

### ਐਚਐਸਈ ਨਿਊਜ਼ ਬੁਲਿੱਟਇੱਨ

ਇਹ ਵਰਕਪਲੇਸ ਵਿਚ ਹੈਲਥ ਐਂਡ ਸੇਫਟੀ ਨਾਲ ਸਬੰਧਤ ਵੱਖ ਵੱਖ ਵਿਸ਼ਿਆ ਬਾਰੇ ਐਚਐਸਈ ਦੇ ਪ੍ਰੈਸ ਆਫਿਸ ਵਲੋਂ ਜ਼ਾਰੀ ਕੀਤੀਆਂ ਜਾਂਦੀਆਂ ਪ੍ਰੈਸ ਰਲੀਜ਼ਾਂ ਦਾ ਹਫਤਾਵਾਰੀ ਸੰਗਠਨ ਹੁੰਦਾ ਹੈ। ਇਸ ਸਮੇਂ 12 ਮਹੀਨਿਆਂ ਦਾ ਚੰਦਾ 50 ਪੌਂਡ ਹੈ।

- **ਐਚਐਸਈ ਪ੍ਰੈਸ ਰਲੀਜ਼**

### ਚੰਦਾ (ਸਬਸਕ੍ਰਿਪਸ਼ਨ) ਸਰਵਸਿਜ

ਮੌਜੂਦਾ ਸਮੇਂ ਐਚਐਸਈ ਬੁਕਸ ਕੋਲੋ ਕਈ ਚੰਦਾ ਸੇਵਾਵਾਂ ਉਪਲੱਬਧ ਹਨ। ਵਿਸ਼ੇਸ਼ ਤੌਰ ਤੇ ਤਿੰਨ ਮੁੱਖ ਸੇਵਾਵਾਂ ਹਨ ਜੋ ਵਰਕਪਲੇਸ ਵਿਚ ਹੈਲਥ ਐਂਡ ਸੇਫਟੀ ਦੇ ਸਾਰੇ ਪੱਖਾਂ ਸਬੰਧੀ ਵਿਆਪਕ ਜਾਣਕਾਰੀ ਦਿੰਦੀਆਂ ਹਨ:

### ਨਵੀਆਂ ਪੁਸਤਕਾਂ ਦੀਆਂ ਖਬਰਾਂ

ਇਸ ਸਰਵਿਸ ਦਾ ਚੰਦਾ ਇਸ ਸਮੇਂ ਮੁਫ਼ਤ ਹੈ। ਇਕ ਬਾਕਾਇਦਾ ਨਿਊਜ਼ਲੈਟਰ ਐਚਐਸਈ ਦੀਆਂ ਨਵੀਆਂ ਪ੍ਰਕਾਸ਼ਨਾਵਾਂ ਦੇ ਨਾਲ ਨਾਲ ਸਟੈਚੁਰੀ ਇੰਸਟ੍ਰਮੈਂਟਸ ਐਂਡ ਰੈਗੂਲੇਸ਼ਨਜ ਵਰਗੀਆਂ ਸਬੰਧਤ ਪਾਰਲੀਮੈਂਟਰੀ ਪ੍ਰਕਾਸ਼ਨਾਵਾਂ ਬਾਰੇ ਵੀ ਜਾਣਕਾਰੀ ਦਿੰਦੀ ਹੈ। ਅਗਲਾ ਕੈਟਾਲਾਗ ਉਪਲੱਬਧ ਹੋਣ ਤੱਕ ਇਹ ਸਰਵਿਸ ਤੁਹਾਨੂੰ ਐਚਐਸਈ ਦੀਆਂ ਪ੍ਰਕਾਸ਼ਨਾਵਾਂ ਬਾਰੇ ਸੂਚਿਤ ਰੱਖੇਗੀ।

### ਹੈਲਥ ਐਂਡ ਸੇਫਟੀ ਕਮਿਸ਼ਨ ਨਿਊਜ਼ਲੈਟਰ

ਇਹ ਪੂਰਾ-ਰੰਗਦਾਰ ਨਿਊਜ਼ਲੈਟਰ ਹਰ ਦੋ ਮਹੀਨੇ ਬਾਅਦ ਛਪਣ ਵਾਲਾ ਹੈਲਥ ਐਂਡ ਸੇਫਟੀ ਮਸਲਿਆਂ ਤੋਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਲਈ ਇਕੋ ਇਕ ਸੂਚਨਾ ਸ੍ਰੋਤ ਪ੍ਰਕਾਸ਼ਨ ਹੈ। ਇਸ ਵਿਚ ਕਵਰ ਕੀਤੇ ਜਾਣ ਵਾਲਿਆਂ ਵਿਸ਼ਿਆਂ ਵਿਚ ਸ਼ਾਮਲ ਹਨ: ਨੈਸ਼ਨਲ ਅਤੇ ਇੰਟਰਨੈਸ਼ਨਲ ਹੈਲਥ ਐਂਡ ਸੇਫਟੀ ਮਸਲਿਆਂ ਸਬੰਧੀ ਖਬਰਾਂ, ਲੈਜੀਸਲੇਸ਼ਨਜ ਅਤੇ ਨਵੀਆਂ ਕੋਡਜ ਆਫ ਪ੍ਰੈਕਟਿਸ, ਉਦਯੋਗਿਕ ਵਿਧੀਆਂ ਅਤੇ ਖਤਰਿਆਂ ਦੇ ਖੁੱਲ੍ਹੇ ਦਾਇਰੇ ਬਾਰੇ ਗਾਈਡੈਂਸ, ਹੈਲਥ ਐਂਡ ਸੇਫਟੀ ਕਮਿਸ਼ਨ/ਅਗਜ਼ੈਕਟਿਵ ਦੀਆਂ ਪ੍ਰਕਾਸ਼ਨਾਵਾਂ, ਅਤੇ ਹਾਦਸਿਆਂ ਅਤੇ ਉਨ੍ਹਾਂ ਤੋਂ ਕਿਸ ਤਰਾਂ ਬਚਿਆ ਜਾ ਸਕਦਾ ਸੀ ਬਾਰੇ ਰਿਪੋਰਟਾਂ। ਛੇ ਅੰਕਾਂ ਵਾਸਤੇ ਇਕਵਾਰਗੀ ਚੰਦਾ 15 ਪੌਂਡ ਹੈ। ਵਧੇਰੇ ਚੰਦਾ ਜਮ੍ਹਾਂ ਕਰਵਾਉਣ ਉਤੇ ਰਿਆਇਤ ਮਿਲ ਸਕਦੀ ਹੈ।

- **ਐਚਐਸਈ ਡਾਇਰੈਟ**

ਇਹ ਹੈਲਥ ਐਂਡ ਸੇਫਟੀ ਬਾਰੇ ਜਾਣਕਾਰੀ ਤੱਕ ਤੁਰੰਤ ਪਹੁੰਚ ਪ੍ਰਦਾਨ ਕਰਨ ਵਾਲੀ ਇੰਟਰਨੈਟ ਰਾਹੀਂ ਪ੍ਰਾਪਤ ਕੀਤੀ ਜਾ ਸਕਣ ਵਾਲੀ ਅਤੇ ਛੇਤੀ ਹੀ ਸੀਡੀ-ਰੌਮ ਤੇ ਪ੍ਰਾਪਤ ਹੋ ਸਕਣ ਵਾਲੀ ਚੰਦਾ ਅਧਾਰਤ ਸਰਵਿਸ ਹੈ। ਸੀਡੀ-ਰੌਮ ਦਾ ਉਦਘਾਟਨ ਕਰਨ ਵਾਸਤੇ ਹਾਲੇ ਤਰੀਕ ਦਾ ਐਲਾਨ ਕਰਨਾ ਬਾਕੀ ਹੈ।

ਇਸ ਵਿਚ ਇਕ ਮੁਫ਼ਤ ਖੇਤਰ ਵੀ ਹੈ ਜਿਸ ਵਿਚ ਖਬਰਾਂ ਦੀਆਂ ਸੁਰਖੀਆਂ, ਸਮਾਗਮਾ ਦੀ ਡਾਇਰੀ ਅਤੇ ਐਚਐਸਈ ਦੀਆਂ ਪ੍ਰੈਸ ਰਲੀਜ਼ਾਂ ਅਤੇ ਵਿਚਾਰ ਵਟਾਂਦਰਾ ਦਸਤਵੇਜ਼ ਸ਼ਾਮਲ ਹਨ। ਇਸ ਸਾਈਟ ਵਿਚ ਸਹਾਇਤਾ ਸਹੂਲਤਾਂ ਅਤੇ ਅਕਸਰ ਪੁੱਛੇ ਜਾਂਦੇ ਸਵਾਲਾਂ ਦਾ ਸੈੱਟ ਵੀ ਸ਼ਾਮਲ ਹੈ।

ਚੰਦੇ ਵਾਲੇ ਖੇਤਰ ਵਿਚ ਲੈਜੀਸਲੇਸ਼ਨ (ਐਕਟਸ, ਰੈਗੂਲੇਸ਼ਨਜ ਅਤੇ ਈਯੂ ਡਾਇਰੈਕਟਿਵਜ), ਐਚਐਸਈ ਮੁੱਲ-ਖ਼ੀਦ ਪ੍ਰਕਾਸ਼ਨਾਵਾਂ (ਐਚਐਸਜੀ ਅਤੇ ਐਲ ਸੀਰੀਅਸ) ਅਤੇ ਫ਼ਾਰਮਜ ਸ਼ਾਮਲ ਹਨ। ਇਕ-ਦਿਨਾ ਟਿੱਕਟ ਦਾ ਮੁੱਲ 20 ਪੌਂਡ + ਵੀਏਟੀ ਅਤੇ ਸਾਲਾਨਾ ਚੰਦਾ 241 ਪੌਂਡ + ਵੀਏਟੀ ਹੈ। ਬਹੁ-ਵਰਤੋਂ ਚੰਦਿਆਂ ਵਾਸਤੇ ਰਿਆਇਤ ਮਿਲ ਸਕਦੀ ਹੈ।